# ਵਰਲਡ ਪੰਜਾਬੀ ਟਾਈਮਜ਼

# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ   ਸਹਿ ਸੰਪਾਦਕ: ਨਵਜੋਤ ਬਿਲਿੰਗ   ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ   ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ




## ਖੋਸਾ ਫਾਰਮ ਸਰੀ ਵਿਖੇ ਹਰਿੰਦਰ ਸੰਧੂ ਤੇ ਅਮਨ ਧਾਲੀਵਾਲ ਨੇ ਬੰਨ੍ਹਿਆ ਸੁਰਾਂ ਦਾ ਰੰਗ

### ਵੱਡੀ ਗਿਣਤੀ ਵਿੱਚ ਸਾਹਿਤਕ, ਸੰਗੀਤਕ, ਰਾਜਨੀਤਿਕ ਤੇ ਸਮਾਜਿਕ ਹਸਤੀਆਂ ਨੇ ਕੀਤੀ ਸ਼ਿਰਕਤ

ਵਰਲਡ ਪੰਜਾਬੀ ਟਾਈਮਜ਼
ਹਰਦਮ ਮਾਨ





ਸਰੀ, 20 ਅਗਸਤ : ਪੰਜਾਬੀ ਸੱਭਿਆਚਾਰ, ਲੋਕ-ਗੀਤਾਂ ਅਤੇ ਸਮਾਜਿਕ ਸਰੋਕਾਰਾਂ ਨੂੰ ਆਪਣੀ ਗਾਇਕੀ ਰਾਹੀਂ ਸਮਰਪਿਤ ਮੰਨੀ-ਪ੍ਰਮੰਨੀ ਗਾਇਕ ਜੋੜੀ ਹਰਿੰਦਰ ਸੰਧੂ ਅਤੇ ਬੀਬਾ ਅਮਨ ਧਾਲੀਵਾਲ ਨੇ ਕੈਨੇਡਾ ਫੇਰੀ ਦੌਰਾਨ ਸਰੀ ਦੀ ਧਰਤੀ ’ਤੇ ਸੁਰਾਂ, ਸੰਗੀਤ ਅਤੇ ਸਾਂਝ ਦਾ ਅਜਿਹਾ ਰੰਗ ਬਿਖੇਰਿਆ ਕਿ 15 ਅਗਸਤ ਦੀ ਸ਼ਾਮ ਦੇਰ ਰਾਤ ਤੱਕ ਯਾਦਗਾਰੀ ਬਣੀ ਰਹੀ।

ਉੱਘੇ ਲੇਖਕ ਬਿੱਕਰ ਸਿੰਘ ਖੋਸਾ ਅਤੇ ਰਾਜਦੀਪ ਸਿੰਘ ਖੋਸਾ ਦੇ ਖੋਸਾ ਫਾਰਮ ਸਰੀ ਵਿਖੇ ਕਰਵਾਏ ਗਏ ਇਸ ਸੰਗੀਤਕ ਸਮਾਗਮ ਨੂੰ ‘ਅਜ਼ਾਦੀ ਦਿਨ ਦੀ ਸ਼ਾਮ’ ਵਜੋਂ ਮਨਾਇਆ ਗਿਆ। ਖੁੱਲ੍ਹੇ-ਡੁੱਲ੍ਹੇ ਮਾਹੌਲ ਵਿੱਚ ਹੋਏ ਇਸ ਸਮਾਗਮ ਵਿੱਚ ਸਰੀ ਦੇ ਸਾਹਿਤਕ, ਸੰਗੀਤਕ, ਸਮਾਜਿਕ, ਰਾਜਨੀਤਿਕ ਅਤੇ ਮੀਡੀਆ ਖੇਤਰ ਨਾਲ ਜੁੜੀਆਂ ਅਨੇਕਾਂ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕਰਕੇ ਸਮਾਗਮ ਦੀ ਰੌਣਕ ਵਧਾਈ।

ਸਮਾਗਮ ਦੀ ਸ਼ੁਰੂਆਤ ਉੱਘੇ ਲੇਖਕ ਦਰਸ਼ਨ ਸਿੰਘ ਸੰਘਾ ਵੱਲੋਂ ਮਹਿਮਾਨਾਂ ਅਤੇ ਸਰੋਤਿਆਂ ਨੂੰ ‘ਜੀ ਆਇਆਂ’ ਆਖਣ ਨਾਲ ਹੋਈ। ਉਪਰੰਤ ਗੁਰਪ੍ਰੀਤ ਢਿੱਲੋਂ ਨੇ ਸੁਰਾਂ ਦੇ ਬਾਦਸ਼ਾਹ ਕੁਲਦੀਪ ਮਾਣਕ ਦਾ ਗੀਤ ਪੇਸ਼ ਕੀਤਾ ਅਤੇ ਫਿਰ ਆਪਣਾ ਗੀਤ ਸੁਣਾ ਕੇ ਸਰੋਤਿਆਂ ਤੋਂ ਖੂਬ ਦਾਦ ਹਾਸਲ ਕੀਤੀ। ਮੰਦਰ ਬੀਹਲੇਵਾਲਾ ਨੇ ਮੰਚ ਸੰਭਾਲਦਿਆਂ ਪ੍ਰਬੰਧਕਾਂ ਦਾ ਧੰਨਵਾਦ ਕੀਤਾ ਅਤੇ ਆਪਣੇ ਵਿਲੱਖਣ ਅੰਦਾਜ਼-ਏ-ਬਿਆਨ ਵਿੱਚ ਖੂਬਸੂਰਤ ਸ਼ਿਅਰਾਂ ਨਾਲ ਮਾਹੌਲ ਨੂੰ ਸੰਗੀਤਕ ਰੰਗ ਵਿੱਚ ਰੰਗਿਆ ਅਤੇ ਤਾੜੀਆਂ ਦੀ ਗੂੰਜ ਵਿੱਚ ਹਰਿੰਦਰ ਸੰਧੂ ਤੇ ਅਮਨ ਧਾਲੀਵਾਲ ਨੂੰ ਮੰਚ ’ਤੇ ਸੱਦਾ ਦਿੱਤਾ।

ਮੰਚ ’ਤੇ ਆਉਂਦਿਆਂ ਹਰਿੰਦਰ ਸੰਧੂ ਨੇ ਖੋਸਾ ਪਰਿਵਾਰ ਅਤੇ ਸਮਾਗਮ ਦੇ ਪ੍ਰਬੰਧਕਾਂ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਆਪਣੇ ਚਰਚਿਤ ਗੀਤ ‘ਜੀਹਦੇ ਪਈ ਨਾ ਸਰ੍ਹਾਣੇ ਕੋਈ ਦਵਾਈ, ਸ਼ੁਕਰ ਮਨਾਵੇ ਰੱਬ ਦਾ’ ਨਾਲ ਗਾਇਕੀ ਦਾ ਆਗਾਜ਼ ਕੀਤਾ। ਇਸ ਤੋਂ ਬਾਅਦ ਹਰਿੰਦਰ ਸੰਧੂ ਅਤੇ ਅਮਨ ਧਾਲੀਵਾਲ ਨੇ ਨਵੇਂ-ਪੁਰਾਣੇ ਗੀਤਾਂ ਅਤੇ ਦੋਗਾਣਿਆਂ ਦੀ ਐਸੀ ਝੜੀ ਲਾਈ ਕਿ ਸਰੋਤੇ ਦੇਰ ਰਾਤ ਤੱਕ ਮੰਤਰ-ਮੁਗਧ ਹੋ ਕੇ ਸੰਗੀਤ ਦਾ ਆਨੰਦ ਮਾਣਦੇ ਰਹੇ। ਗਾਇਕ ਜੋੜੀ ਨੇ ਆਪਣੇ ਪਸੰਦੀਦਾ ਗੀਤਾਂ ਦੇ ਨਾਲ-ਨਾਲ ਸਰੋਤਿਆਂ ਦੀਆਂ ਫ਼ਰਮਾਇਸ਼ਾਂ ਨੂੰ ਵੀ ਪੂਰਾ ਕੀਤਾ। ਪੰਜਾਬੀ ਲੋਕ-ਸੰਗੀਤ ਦੀ ਮਹਿਕ ਅਤੇ ਸੱਭਿਆਚਾਰਕ ਰੰਗ ਨਾਲ ਭਰਪੂਰ ਇਸ ਪੇਸ਼ਕਾਰੀ ਦੌਰਾਨ ਦਰਸ਼ਕਾਂ ਨੇ ਤਾੜੀਆਂ ਅਤੇ ਵਾਹ-ਵਾਹ ਨਾਲ ਗਾਇਕਾਂ ਦਾ ਹੌਂਸਲਾ ਵਧਾਇਆ। ਕਈ ਸਰੋਤਿਆਂ ਨੇ ਡਾਲਰਾਂ ਦੀ ਵਰਖਾ ਕਰਕੇ ਵੀ ਗਾਇਕ ਜੋੜੀ ਪ੍ਰਤੀ ਆਪਣਾ ਪਿਆਰ ਅਤੇ ਮਾਣ-ਸਨਮਾਨ ਪ੍ਰਗਟ ਕੀਤਾ। ਸੰਗੀਤਕ ਪੇਸ਼ਕਾਰੀ ਨੂੰ ਸਾਜ਼ਾਂ ’ਤੇ ਦਵਿੰਦਰ ਸੰਧੂ (ਬੈਂਜੋ), ਗੋਪਾ (ਤਬਲਾ), ਕੁਲਦੀਪ ਸਿੰਘ (ਕੀਬੋਰਡ) ਅਤੇ ਵਿੱਕੀ ਮਾਣੇਵਾਲੀਆ (ਕੋਰਸ) ਨੇ ਆਪਣੀ ਕਲਾ ਨਾਲ ਚਾਰ ਚੰਨ ਲਾਏ। ਇਸ ਮੌਕੇ ਅਮਨ ਧਾਲੀਵਾਲ ਦੇ ਭਰਾ ਕਿਸਮਤ ਸਿੰਘ ਬੀਹਲਾ ਨੇ ਵੀ ਆਪਣੀ ਕਲਾ ਦਾ ਪ੍ਰਭਾਵਸ਼ਾਲੀ ਪ੍ਰਦਰਸ਼ਨ ਕੀਤਾ। ਇਸ ਯਾਦਗਾਰੀ ਸ਼ਾਮ ਦਾ ਪ੍ਰਬੰਧ ਰਾਜਦੀਪ ਖੋਸਾ, ਬਿੱਕਰ ਸਿੰਘ ਖੋਸਾ (ਖੋਸਾ ਫਾਰਮ ਸਰੀ), ਦਰਸ਼ਨ ਸਿੰਘ ਸੰਘਾ, ਬਲਬੀਰ ਸਿੰਘ ਬਰਾੜ, ਕੁਲਬੀਰ ਸਿੰਘ ਬਰਾੜ, ਜੀਵਨ ਸਿੰਘ ਬਰਾੜ, ਹਰਪ੍ਰੀਤ ਬਰਾੜ ਝੱਖੜਵਾਲੀਆ, ਪ੍ਰਦੀਪ ਸਿਵੀਆਂ, ਸਤਿੰਦਰ ਸਰਾਂ, ਬਲਵਿੰਦਰ ਸਰਾਂ, ਗੁਰਪ੍ਰੀਤ ਢਿੱਲੋਂ, ਪ੍ਰਿਥੀ ਗਿੱਲ, ਮੋਹਦੀਪ ਮਾਨ, ਸੁਰਜੀਤ ਬਰਾੜ, ਬਾਬ ਹੰਸ, ਸੁੱਖੀ ਜੌਹਲ, ਪਵਨ ਸੇਠੀ, ਜਗਵਿੰਦਰ ਸਰਾਂ ਅਤੇ ਬਰਜਿੰਦਰਾ ਕਾਲਜ ਫ਼ਰੀਦਕੋਟ ਦੇ ਪੁਰਾਣੇ ਵਿਦਿਆਰਥੀਆਂ ਵੱਲੋਂ ਸਾਂਝੇ ਤੌਰ ’ਤੇ ਕੀਤਾ ਗਿਆ।

ਇਸ ਰੰਗੀਨ ਸ਼ਾਮ ਵਿੱਚ ਸਰੀ ਦੇ ਵੱਖ-ਵੱਖ ਖੇਤਰਾਂ ਨਾਲ ਸਬੰਧਤ ਜਾਣੀਆਂ-ਪਛਾਣੀਆਂ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ। ਇਨ੍ਹਾਂ ਵਿੱਚ ਹੋਰਨਾਂ ਤੋਂ ਇਲਾਵਾ ਐਮ.ਐਲ.ਏ. ਜਗਰੂਪ ਸਿੰਘ ਬਰਾੜ, ਮੋਹਨ ਗਿੱਲ, ਅੰਗਰੇਜ਼ ਬਰਾੜ, ਪ੍ਰਿਤਪਾਲ ਸਿੰਘ ਗਿੱਲ, ਸੁਰਜੀਤ ਸਿੰਘ ਮਾਧੋਪੁਰੀ, ਕਵਿੰਦਰ ਚਾਂਦ, ਅਮਰੀਕ ਪਲਾਹੀ, ਸੁਖਵਿੰਦਰ ਜੌਹਲ, ਕਿਰਨਦੀਪ ਮੱਲ੍ਹੀ, ਡਾ. ਬਲਵਿੰਦਰ ਸਿੰਘ ਧਾਲੀਵਾਲ, ਕੁਲਵੰਤ ਸਹੋਤਾ, ਬਰਜਿੰਦਰ ਬਾਠ, ਗੁਰਬਾਜ ਬਰਾੜ, ਕਰਤਾਰ ਢਿੱਲੋਂ, ਜਸਵੀਰ ਸਿੰਘ ਭਲੂਰੀਆ, ਵੀਤ ਬਾਦਸ਼ਾਹਪੁਰੀ, ਸੁਖਪ੍ਰੀਤ ਦੌਲਤ, ਗੀਤਕਾਰ ਜਗਵਿੰਦਰ ਸਰਾਂ, ਜਗਦੀਪ ਖੋਸਾ (ਪੀਟਰ), ਬਲਰਾਜ ਸਿੰਘ ਸਰਾਂ, ਜਗਤਾਰ ਰਾਊਕੇ ਅਤੇ ਜੱਗੀ ਰਾਮੂਵਾਲੀਆ ਸ਼ਾਮਲ ਸਨ।

## ਕਿਸਾਨਾਂ ਦਾ ਗੰਨਾ ਬਾਲਣ ਤੋਂ ਸਸਤਾ ਤੇ ਵਪਾਰੀ ਦੀ ਖੰਡ ਸੋਨੇ ਨਾਲੋਂ ਮਹਿੰਗੀ ਵਿੱਕ ਰਹੀ ਬਜ਼ਾਰ ਵਿੱਚ ਕੀ ਇਹ ਸਰਾਸਰ ਨਹੀਂ ਹੋ ਰਿਹਾ ਧੱਕਾ , ਫੁਰਮਾਨ ਸਿੰਘ ਸੰਧੂ ਸੂਬਾ ਪ੍ਰਧਾਨ ਬੀ ਕੇ ਯੂ ਪੰਜਾਬ

ਵਰਲਡ ਪੰਜਾਬੀ ਟਾਈਮਜ਼
ਜਸਵਿੰਦਰ ਸਿੰਘ ਭੁਲੇਰੀਆ





ਫਿਰੋਜ਼ਪੁਰ, 20 ਅਗਸਤ : ਅੱਜ ਭਾਰਤੀ ਕਿਸਾਨ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਸਰਦਾਰ ਫੁਰਮਾਨ ਸਿੰਘ ਸੰਧੂ ਨੇ ਇੱਕ ਮੀਟਿੰਗ ਨੂੰ ਸਬੋਧਨ ਕਰਦੇ ਹੋਏ ਕਿਹਾ ਕਿ ਕਿਸਾਨ ਨੂੰ ਗੰਨੇ ਦਾ ਵਾਜ਼ਿਬ ਭਾਅ ਨਹੀਂ ਦਿੱਤਾ ਜਾ ਰਿਹਾ। ਗੰਨਾ ਅੱਜ ਵੀ ਬਾਲਣ ਨਾਲੋ ਕਈ ਗੁਣਾ ਸਸਤਾ ਵਿੱਕਦਾ ਹੈ। ਬਾਲਣ ਦਾ ਇੱਕ ਕੁਵਿੰਟਲ ਇੱਕ ਹਜ਼ਾਰ ਰੁਪਏ ਤੋਂ ਵੱਧ ਰੇਟ ਉੱਤੇ ਮਾਰਕੀਟ ਵਿੱਚ ਵਿੱਕ ਰਿਹਾ ਹੈ। ਉਸ ਦੇ ਮੁਕਾਬਲੇ ਗੰਨਾ ਮਾਮੂਲੀ 400 ਰੁਪਏ ਸਰਕਾਰ ਖਰੀਦ ਰਹੀ ਹੈ |, ਜੇਕਰ ਖੰਡ ਦੀ ਗੱਲ ਕਰੀਏ ਤਾਂ ਪਿੱਛਲੇ ਮਹੀਨੇ 4500 ਰੁਪਏ ਕੁਵਿਟਲ ਭਾਅ ਸੀ। ਅੱਜ ਉਹੀ ਖੰਡ ਮਾਰਕੀਟ ਵਿੱਚ 6500ਰੁਪਏ ਵਿੱਕ ਰਹੀ ਹੈ। ਵਪਾਰੀਆਂ ਨੇ ਇੱਕ ਮਹੀਨੇ ਵਿੱਚ ਹੀ ਖੰਡ ਦਾ ਭਾਅ 2000ਰੁਪਏ ਵਧਾ ਦਿੱਤਾ ਹੈ। ਕਿਸਾਨ ਨੂੰ ਗੰਨੇ ਦਾ ਬਣਦਾ ਭਾਅ ਵੀ ਨਹੀਂ ਦਿੱਤਾ ਜਾਂਦਾ। ਬੋਨਸ ਦੀ ਗੱਲ ਤਾਂ ਦੂਰ ਦੀ ਹੈ। ਕੀ ਇਹ ਆਮ ਵਰਗ ਨਾਲ ਮਹਿੰਗਾਈ ਦਾ ਸਿੱਧਾ ਹਮਲਾ ਨਹੀਂ। ਕਿਸਾਨਾਂ ਤੋਂ ਗੰਨਾ ਘੱਟ ਰੇਤ ਤੇ ਖਰੀਦ ਕੇ ਖੰਡ ਮਹਿੰਗੇ ਭਾਅ ਵੇਚੀ ਜਾ ਰਹੀ ਹੈ | ਇਹ ਅਸੀਂ ਕਦੇ ਵੀ ਬਰਦਾਸਿਤ ਨਹੀਂ ਕਰਾਂਗੇ। ਇੱਕ ਸਤੰਬਰ ਨੂੰ ਕਿਸਾਨਾਂ ਵਲੋ ਚੰਡੀਗੜ੍ਹ ਵਿੱਚ ਅਸੀਂ ਪੱਕਾ ਧਰਨਾ ਲਾ ਰਹੇ ਹਾਂ। ਜਿਸ ਵਿੱਚ ਸਾਡੇ ਮੁੱਦੇ ਹਨ ਕਿ ਸਰਕਾਰ ਪਾਣੀਆਂ ਦੀ ਧਾਰਾ 78,79,80, ਰੱਦ ਕਰੇ, ਕਿਸਾਨਾਂ ਦੇ ਕਰਜ਼ੇ ਮੁਆਫ਼ ਕਰੇ, ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਲਾਗੂ ਕਰੇ। ਗੰਨੇ ਦਾ ਭਾਅ 500ਰੁਪਏ ਪ੍ਰਤੀ ਕੁਇੰਟਲ ਕਰਨ ਦਾ ਐਲਾਨ ਕਰੇ। ਜਦੋਂ ਤੱਕ ਸਾਡੀਆਂ ਇਹ ਮੰਗਾਂ ਨਹੀਂ ਮੰਨੀਆਂ ਜਾਣਗੀਆਂ, ਉਸ ਸਮੇਂ ਤਕ ਸਾਡਾ ਧਰਨਾ ਉਥੇ ਜਾਰੀ ਰਹੇਗਾ ਇਸ ਸਮੇਂ ਲਖਵਿੰਦਰ ਸਿੰਘ ਸੰਧੂ ਮੀਤ ਪ੍ਰਧਾਨ ਪੰਜਾਬ, ਪ੍ਰਗਟ ਸਿੰਘ ਲਹਿਰਾ ਕੋਰ ਕਮੇਟੀ ਮੈਂਬਰ ਪੰਜਾਬ, ਰਸਾਲ ਸਿੰਘ ਢੋਲੇਵਾਲ ਕੋਰ ਕਮੇਟੀ ਮੈਂਬਰ ਪੰਜਾਬ, ਰਸ਼ਪਾਲ ਸਿੰਘ ਰਹੀਮੇ ਕੇ ਵਰਕਿੰਗ ਕਮੇਟੀ ਮੈਂਬਰ, ਸੂਬੇਦਾਰ ਜਸਵਿੰਦਰ ਸਿੰਘ ਭਲੇਰੀਆ ਪ੍ਰੈਸ ਸਕੱਤਰ ਪੰਜਾਬ ,, ਸੁਖਵੰਤ ਸਿੰਘ ਕੋਠੇ ਜ਼ਿਲ੍ਹਾ ਜਰਨਲ ਸਕੱਤਰ, ਬਲਵੀਰ ਸਿੰਘ ਸੀਨੀਅਰ ਮੀਤ ਪ੍ਰਧਾਨ ਪੱਛਮੀ,ਗੁਰਦੀਪ ਸਿੰਘ ਪ੍ਰਧਾਨ ਪੱਛਮੀ, ਸੁਖਵੰਤ ਸਿੰਘ ਕੋਠੇ ਜ਼ਿਲ੍ਹਾ ਜਰਨਲ ਸਕੱਤਰ, ਬਲਵੀਰ ਸਿੰਘ ਸੀਨੀਅਰ ਮੀਤ ਪ੍ਰਧਾਨ ਪੱਛਮੀ, ਸੁਰਿੰਦਰ ਸਿੰਘ ਜਿਲਾ ਮੀਤ ਪ੍ਰਧਾਨ, ਸੁਖਵਿੰਦਰ ਸਿੰਘ ਭੜਾਣਾ ਜ਼ਿਲ੍ਹਾ ਕੋਰ ਕਮੇਟੀ ਮੈਂਬਰ, ਗੁਰਵਿੰਦਰ ਸਿੰਘ ਮੋਹਕਮ ਵਾਲਾ ਜਿਲਾ ਕੋਰ ਕਮੇਟੀ ਮੈਂਬਰ, ਗੁਰਮੀਤ ਸਿੰਘ ਜਿਲਾ ਕੋਰ ਕਮੇਟੀ ਮੈਂਬਰ, ਸਤਵੰਤ ਸਿੰਘ ਗਿੱਲ ਜ਼ਿਲ੍ਹਾ ਸਕੱਤਰ, ਬੋਹੜ ਸਿੰਘ ਬਲਾਕ ਪ੍ਰਧਾਨ ਮਮਦੋਟ, ਨਿਸ਼ਾਨ ਸਿੰਘ ਬਲਾਕ ਪ੍ਰਧਾਨ ਮੱਖੂ, ਨਿਰਮਲ ਸਿੰਘ ਵਲਟੋਹਾ ਬਲਾਕ ਪ੍ਰਧਾਨ ਮੱਲਾਂਵਾਲਾ, ਸਤਵਿੰਦਰ ਸਿੰਘ ਸੋਨਾ ਗਿੱਲ ਬਲਾਕ ਪ੍ਰਧਾਨ ਘੱਲ ਖੁਰਦ, ਹਰਮੇਲ ਸਿੰਘ ਸੀਨੀਅਰ ਮੀਤ ਪ੍ਰਧਾਨ ਬਲਾਕ ਮਮਦੋਟ, ਕੁਲਵਿੰਦਰ ਸਿੰਘ ਮੋਹਕਮ ਵਾਲਾ ਇਕਾਈ ਪ੍ਰਧਾਨ, ਨਛੱਤਰ ਸਿੰਘ ਭਾੜਾਣਾ ਇਕਾਈ ਪ੍ਰਧਾਨ, ਲਖਵਿੰਦਰ ਸਿੰਘ ਮੈਂਬਰ, ਜੱਜ ਵੀਰ ਸਿੰਘ ਟਿੱਬੀ ਅਰਾਈਆਂ, ਬਲਵਿੰਦਰ ਸਿੰਘ ਭੰਬਾ ਹਾ ਕਿਸਾਨਾਂ ਦਾ ਗੰਨਾ ਬਾਲਣ ਤੋਂ ਸਸਤਾ ਤੇ ਵਪਾਰੀ ਦੀ ਖੰਡ ਸੋਨੇ ਨਾਲੋਂ ਮਹਿੰਗੀ ਵਿੱਕ ਰਹੀ ਹੈ ਬਜ਼ਾਰ ਵਿੱਚ, ਕੀ ਇਹ ਸਰਾਸਰ ਨਹੀਂ ਹੋ ਰਿਹਾ ਧੱਕਾ , ਫੁਰਮਾਨ ਸਿੰਘ ਸੰਧੂ ਸੂਬਾ ਪ੍ਰਧਾਨ ਬੀ ਕੇ ਯੂ ਪੰਜਾਬ ਜੀ, ਪ੍ਰੇਮ ਸਿੰਘ ਭੰਬਾ ਹਾਜੀ, ਰਣਜੀਤ ਸਿੰਘ ਚੱਕ ਬੁਰਜੀ, ਅਮਰੀਕ ਸਿੰਘ, ਨਿਰਵੈਰ ਸਿੰਘ ਲੱਖੋ ਕੇ ਬਹਿਰਾਮ, ਦਲਜੀਤ ਸਿੰਘ, ਜਸਵੰਤ ਸਿੰਘ, ਪਰਵਿੰਦਰ ਸਿੰਘ ਗੁਰਦਿੱਤੀ ਵਾਲਾ, ਗੁਰਜੰਟ ਸਿੰਘ ਭਾਗੋ ਕੇ, ਬਲਦੇਵ ਸਿੰਘ ਲੋਹਕੇ ,ਗੁਰਵਿੰਦਰ ਸਿੰਘ ਮੋਹਕਮ ਵਾਲਾ ਜਿਲਾ ਕੋਰ ਕਮੇਟੀ ਮੈਂਬਰ, ਗੁਰਮੀਤ ਸਿੰਘ ਜਿਲਾ ਕੋਰ ਕਮੇਟੀ ਮੈਂਬਰ, ਸਤਵੰਤ ਸਿੰਘ ਗਿੱਲ ਜ਼ਿਲ੍ਹਾ ਸਕੱਤਰ, ਬੋਹੜ ਸਿੰਘ ਬਲਾਕ ਪ੍ਰਧਾਨ ਮਮਦੋਟ, ਨਿਸ਼ਾਨ ਸਿੰਘ ਬਲਾਕ ਪ੍ਰਧਾਨ ਮੱਖੂ, ਨਿਰਮਲ ਸਿੰਘ ਵਲਟੋਹਾ ਬਲਾਕ ਪ੍ਰਧਾਨ ਮੱਲਾਂਵਾਲਾ, ਸਤਵਿੰਦਰ ਸਿੰਘ ਸੋਨਾ ਗਿੱਲ ਬਲਾਕ ਪ੍ਰਧਾਨ ਘੱਲ ਖੁਰਦ, ਹਰਮੇਲ ਸਿੰਘ ਸੀਨੀਅਰ ਮੀਤ ਪ੍ਰਧਾਨ ਬਲਾਕ ਮਮਦੋਟ, ਕੁਲਵਿੰਦਰ ਸਿੰਘ ਮੋਹਕਮ ਵਾਲਾ ਇਕਾਈ ਪ੍ਰਧਾਨ, ਨਛੱਤਰ ਸਿੰਘ ਭਾੜਾਣਾ ਇਕਾਈ ਪ੍ਰਧਾਨ, ਲਖਵਿੰਦਰ ਸਿੰਘ ਮੈਂਬਰ, ਜੱਜ ਵੀਰ ਸਿੰਘ ਟਿੱਬੀ ਅਰਾਈਆਂ, ਬਲਵਿੰਦਰ ਸਿੰਘ ਭੰਬਾ ਹਾਜੀ, ਪ੍ਰੇਮ ਸਿੰਘ ਭੰਬਾ ਹਾਜੀ, ਰਣਜੀਤ ਸਿੰਘ ਚੱਕ ਬੁਰਜੀ, ਅਮਰੀਕ ਸਿੰਘ, ਨਿਰਵੈਰ ਸਿੰਘ ਲੱਖੋ ਕੇ ਬਹਿਰਾਮ, ਦਲਜੀਤ ਸਿੰਘ, ਜਸਵੰਤ ਸਿੰਘ, ਪਰਵਿੰਦਰ ਸਿੰਘ ਗੁਰਦਿੱਤੀ ਵਾਲਾ, ਗੁਰਜੰਟ ਸਿੰਘ ਭਾਗੋ ਕੇ, ਬਲਦੇਵ ਸਿੰਘ ਲੋਹਕੇ ਖੁਰਦ, ਰਣਜੀਤ ਸਿੰਘ ਲੋਹਕੇ ਖੁਰਦ, ਗੁਰਭੇਜ ਸਿੰਘ ਵਲਟੋਹਾ, ਸੁਖਮੰਦਰ ਸਿੰਘ ਵਲਟੋਹਾ, ਜੱਜਪਾਲ ਸਿੰਘ ਇੰਸਪੈਕਟਰ ਆਦਿ ਹਾਜ਼ਰ ਸਨ|

## ਜਨਗਣਨਾ-2027 ਦੇ ਫੇਜ਼-2 ਲਈ ਅਗਾਊਂ ਤਿਆਰੀਆਂ ਯਕੀਨੀ ਬਣਾਈਆਂ ਜਾਣ- ਡਾ. ਨਵਜੋਤ ਖੋਸਾ

### ਡਾਇਰੈਕਟਰ ਸੈਂਸਜ ਓਪਰੇਸ਼ਨਜ਼, ਪੰਜਾਬ ਵੱਲੋਂ ਪਟਿਆਲਾ ਜ਼ਿਲ੍ਹੇ ਵਿੱਚ ਜਨਗਣਨਾ-2027 ਦੇ ਫੇਜ਼-2 (ਜਨਸੰਖਿਆ ਗਣਨਾ) ਦੀਆਂ ਤਿਆਰੀਆਂ ਦਾ ਜਾਇਜ਼ਾ

### ਪਹਿਲੇ ਪੜਾਅ ਦੀਆਂ ਗਤੀਵਿਧੀਆਂ ਸਮੇਂ ਸਿਰ ਮੁਕੰਮਲ ਕਰਨ ਲਈ ਚਾਰਜ ਅਫ਼ਸਰਾਂ ਤੇ ਫੀਲਡ ਅਮਲੇ ਦੀ ਸ਼ਲਾਘਾ

### ਪ੍ਰਿੰਸੀਪਲ ਸੈਂਸਜ ਅਫ਼ਸਰਾਂ ਤੇ ਸੈਂਸਜ ਅਫ਼ਸਰਾਂ ਨੂੰ ਜਨਸੰਖਿਆ ਗਣਨਾ ਲਈ ਸਾਰੇ ਲੋੜੀਂਦੇ ਪ੍ਰਬੰਧ ਮੁਕੰਮਲ ਕਰਨ ਦੀ ਹਦਾਇਤ

ਵਰਲਡ ਪੰਜਾਬੀ ਟਾਈਮਜ਼



ਪਟਿਆਲਾ, 20 ਅਗਸਤ : ਪੰਜਾਬ ਦੇ ਡਾਇਰੈਕਟਰ ਸੈਂਸਜ ਓਪਰੇਸ਼ਨਜ਼-ਕਮ-ਚੀਫ਼ ਪ੍ਰਿੰਸੀਪਲ ਸੈਂਸਜ ਅਫ਼ਸਰ ਡਾ. ਨਵਜੋਤ ਖੋਸਾ, ਦੀ ਪ੍ਰਧਾਨਗੀ ਹੇਠ ਅੱਜ ਜ਼ਿਲ੍ਹਾ ਪਟਿਆਲਾ ਵਿੱਚ ਜਨਗਣਨਾ-2027 ਦੇ ਫੇਜ਼-2 (ਜਨਸੰਖਿਆ ਗਣਨਾ) ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਮੀਟਿੰਗ ਹੋਈ। ਮੀਟਿੰਗ ਵਿੱਚ ਡਿਪਟੀ ਕਮਿਸ਼ਨਰ ਪਟਿਆਲਾ ਡਾ. ਹਿਮਾਂਸ਼ੂ ਅਗਰਵਾਲ, ਵਧੀਕ ਡਿਪਟੀ ਕਮਿਸ਼ਨਰ ਦਮਨਜੀਤ ਸਿੰਘ ਮਾਨ, ਨਗਰ ਨਿਗਮ ਦੇ ਸੰਯੁਕਤ ਕਮਿਸ਼ਨਰ ਮਨਰੀਤ ਰਾਣਾ ਸਮੇਤ ਸਮੂਹ ਐਸ.ਡੀ.ਐਮਜ਼, ਸਬੰਧਤ ਅਧਿਕਾਰੀ, ਚਾਰਜ ਅਫ਼ਸਰ ਅਤੇ ਜਨਗਣਨਾ ਨਾਲ ਸਬੰਧਤ ਅਮਲਾ ਹਾਜ਼ਰ ਸੀ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਡਾ. ਨਵਜੋਤ ਖੋਸਾ ਨੇ ਜ਼ਿਲ੍ਹੇ ਵਿੱਚ ਜਨਗਣਨਾ ਦੇ ਪਹਿਲੇ ਪੜਾਅ ਦੀਆਂ ਗਤੀਵਿਧੀਆਂ ਨੂੰ ਸਫ਼ਲਤਾਪੂਰਵਕ ਅਤੇ ਸਮੇਂ ਸਿਰ ਮੁਕੰਮਲ ਕਰਨ ਲਈ ਚਾਰਜ ਅਫ਼ਸਰਾਂ ਅਤੇ ਫੀਲਡ ਅਮਲੇ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਜਨਗਣਨਾ-2027 ਦੇ ਬਾਕੀ ਕਾਰਜਾਂ ਨੂੰ ਨਿਰਧਾਰਤ ਸਮਾਂ-ਸੀਮਾ ਅੰਦਰ ਮੁਕੰਮਲ ਕਰਨ ਲਈ ਅਗਾਊਂ ਯੋਜਨਾਬੰਦੀ ਅਤੇ ਸਾਰੇ ਸਬੰਧਤ ਵਿਭਾਗਾਂ ਦਰਮਿਆਨ ਬਿਹਤਰ ਤਾਲਮੇਲ ਬੇਹੱਦ ਜ਼ਰੂਰੀ ਹੈ।

ਡਾਇਰੈਕਟਰ ਸੈਂਸਜ ਓਪਰੇਸ਼ਨਜ਼ ਨੇ ਜ਼ਿਲ੍ਹੇ ਦੇ ਤਰਜੀਹੀ ਚਾਰਜਾਂ ਅਤੇ ਨਗਰ ਨਿਗਮ ਪਟਿਆਲਾ ਵਿੱਚ ਮਕਾਨਸੂਚੀਕਰਨ ਅਤੇ ਮਕਾਨਾਂ ਦੀ ਗਣਨਾ (ਐਚ.ਐਲ.ਓ.) ਦੇ ਕੀਤੇ ਗਏ ਕੰਮ ਦੀ ਵਿਸ਼ੇਸ਼ ਤੌਰ ’ਤੇ ਸ਼ਲਾਘਾ ਕੀਤੀ। ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਅਤੇ ਜਨਗਣਨਾ ਨਾਲ ਸਬੰਧਤ ਅਮਲੇ ਵੱਲੋਂ ਕੀਤੇ ਜਾ ਰਹੇ ਨਿਰੰਤਰ ਯਤਨਾਂ ਦੀ ਪ੍ਰਸ਼ੰਸਾ ਕਰਦਿਆਂ ਵਿਸ਼ਵਾਸ ਪ੍ਰਗਟ ਕੀਤਾ ਕਿ ਪਟਿਆਲਾ ਜ਼ਿਲ੍ਹਾ ਜਨਗਣਨਾ-2027 ਦੇ ਫੇਜ਼-2 ਨਾਲ ਸਬੰਧਤ ਸਾਰੇ ਕਾਰਜ ਵੀ ਸਫ਼ਲਤਾਪੂਰਵਕ ਨੇਪਰੇ ਚੜ੍ਹਾਏ ਜਾਣਗੇ।

ਚੀਫ਼ ਪ੍ਰਿੰਸੀਪਲ ਸੈਂਸਜ ਅਫ਼ਸਰ ਡਾ. ਨਵਜੋਤ ਖੋਸਾ ਨੇ ਪ੍ਰਿੰਸੀਪਲ ਸੈਂਸਜ ਅਫ਼ਸਰਾਂ ਅਤੇ ਸੈਂਸਜ ਅਫ਼ਸਰਾਂ ਨੂੰ ਹਦਾਇਤ ਕੀਤੀ ਕਿ ਜਨਸੰਖਿਆ ਗਣਨਾ ਦੇ ਸੁਚਾਰੂ ਅਤੇ ਪ੍ਰਭਾਵਸ਼ਾਲੀ ਸੰਚਾਲਨ ਲਈ ਸਾਰੇ ਲੋੜੀਂਦੇ ਪ੍ਰਬੰਧ ਪਹਿਲਾਂ ਹੀ ਮੁਕੰਮਲ ਕਰ ਲਏ ਜਾਣ ਅਤੇ ਸਬੰਧਤ ਅਮਲੇ ਨੂੰ ਇਸ ਕਾਰਜ ਲਈ ਪੂਰੀ ਤਰ੍ਹਾਂ ਤਿਆਰ ਰੱਖਿਆ ਜਾਵੇ। ਉਨ੍ਹਾਂ ਕਿਹਾ ਕਿ ਜਨਸੰਖਿਆ ਗਣਨਾ ਇੱਕ ਬਹੁਤ ਮਹੱਤਵਪੂਰਨ ਕਾਰਜ ਹੈ, ਜਿਸ ਲਈ ਹਰ ਪੱਧਰ ’ਤੇ ਸਪੱਸ਼ਟ ਯੋਜਨਾਬੰਦੀ, ਬਿਹਤਰ ਤਾਲਮੇਲ ਅਤੇ ਨਿਰਦੇਸ਼ਾਂ ਦੀ ਪੂਰੀ ਪਾਲਣਾ ਯਕੀਨੀ ਬਣਾਈ ਜਾਵੇ।

ਡਿਪਟੀ ਕਮਿਸ਼ਨਰ-ਕਮ-ਪ੍ਰਿੰਸੀਪਲ ਸੈਂਸਜ ਅਫ਼ਸਰ ਡਾ. ਹਿਮਾਂਸ਼ੂ ਅਗਰਵਾਲ ਨੇ ਵਿਸ਼ਵਾਸ ਦਿਵਾਇਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਨਿਰਧਾਰਤ ਸਮਾਂ-ਸੀਮਾ ਅੰਦਰ ਜਨਗਣਨਾ ਨਾਲ ਸਬੰਧਤ ਸਾਰੇ ਕਾਰਜ ਮੁਕੰਮਲ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਨਗਰ ਨਿਗਮ ਪਟਿਆਲਾ ਨਾਲ ਨੇੜਲੇ ਤਾਲਮੇਲ ਨਾਲ ਜਨਗਣਨਾ-2027 ਦੇ ਫੇਜ਼-2 ਨੂੰ ਸਫ਼ਲਤਾਪੂਰਵਕ ਨੇਪਰੇ ਚਾੜ੍ਹਨ ਲਈ ਹਰ ਸੰਭਵ ਸਹਿਯੋਗ ਦਿੱਤਾ ਜਾਵੇਗਾ।

ਡਾ. ਅਗਰਵਾਲ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਅਤੇ ਨਗਰ ਨਿਗਮ ਵੱਲੋਂ ਭਾਰਤ ਦੇ ਰਜਿਸਟਰਾਰ ਜਨਰਲ ਅਤੇ ਸੈਂਸਜ ਕਮਿਸ਼ਨਰ ਦੇ ਦਫ਼ਤਰ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜਨਗਣਨਾ ਦਾ ਕੰਮ ਕੁਸ਼ਲਤਾ ਨਾਲ ਨੇਪਰੇ ਚਾੜ੍ਹਿਆ ਜਾਵੇਗਾ ਤਾਂ ਜੋ ਸਹੀ ਅਤੇ ਭਰੋਸੇਯੋਗ ਅੰਕੜਿਆਂ ਦੀ ਪ੍ਰਾਪਤੀ ਯਕੀਨੀ ਬਣਾਈ ਜਾ ਸਕੇ।

ਮੀਟਿੰਗ ਦੌਰਾਨ ਜਨਗਣਨਾ-2027 ਦੇ ਫੇਜ਼-2 ਤਹਿਤ ਜਨਸੰਖਿਆ ਗਣਨਾ ਨੂੰ ਸਮੇਂ ਸਿਰ ਅਤੇ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਵਿਸਥਾਰਪੂਰਵਕ ਰੋਡਮੈਪ ’ਤੇ ਵੀ ਚਰਚਾ ਕੀਤੀ ਗਈ। ਇਸ ਮੌਕੇ ਸਮੂਹ ਸਬੰਧਤ ਅਧਿਕਾਰੀਆਂ ਨੂੰ ਆਪਣੇ-ਆਪਣੇ ਪੱਧਰ ’ਤੇ ਲੋੜੀਂਦੀਆਂ ਤਿਆਰੀਆਂ ਸਮੇਂ ਸਿਰ ਮੁਕੰਮਲ ਕਰਨ ਲਈ ਕਿਹਾ ਗਿਆ।ਇਸ ਮੌਕੇ ਪਹਿਲੇ ਪੜਾਅ ਵਿੱਚ ਬਿਹਤਰੀਨ ਕਾਰਗੁਜ਼ਾਰੀ ਨਿਭਾਉਣ ਵਾਲੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਸਨਮਾਨਿਤ ਵੀ ਕੀਤਾ ਗਿਆ।

ਬੈਠਕ ਮੌਕੇ ਵਧੀਕ ਡਿਪਟੀ ਕਮਿਸ਼ਨਰ (ਦਿਹਾਤੀ ਵਿਕਾਸ)-ਕਮ-ਜ਼ਿਲ੍ਹਾ ਜਨਗਣਨਾ ਅਫ਼ਸਰ ਦਮਨਜੀਤ ਸਿੰਘ ਮਾਨ, ਨਗਰ ਨਿਗਮ ਦੇ ਵਧੀਕ ਕਮਿਸ਼ਨਰ ਸੋਨਮ ਤੇ ਸੰਯੁਕਤ ਕਮਿਸ਼ਨਰ ਮਨਰੀਤ ਰਾਣਾ, ਸੈਂਸਜ ਸਲਾਹਕਾਰ ਕਰਮਜੀਤ ਸਿੰਘ, ਸਮੂਹ ਐਸ.ਡੀ.ਐਮਜ, ਪ੍ਰਿੰਸੀਪਲ ਚਾਰਜ ਅਫ਼ਸਰ, ਉਪ ਅਰਥ ਤੇ ਅੰਕੜਾ ਸਲਾਹਕਾਰ ਜਸਵਿੰਦਰ ਕੌਰ, ਚਾਰਜ ਸੈਂਸਜ ਅਫ਼ਸਰ, ਕਾਰਜ ਸਾਧਕ ਅਫ਼ਸਰ ਤੇ ਤਹਿਸੀਲਦਾਰ, ਨਾਇਬ ਤਹਿਸੀਲਦਾਰ ਤੇ ਹੋਰ ਸਬੰਧਤ ਅਧਿਕਾਰੀ ਹਾਜ਼ਰ ਸਨ।

ਫੋਟੋ ਕੈਪਸ਼ਨ: ਪੰਜਾਬ ਦੇ ਡਾਇਰੈਕਟਰ ਸੈਂਸਜ ਓਪਰੇਸ਼ਨਜ਼ -ਕਮ-ਚੀਫ਼ ਪ੍ਰਿੰਸੀਪਲ ਸੈਂਸਜ ਅਫ਼ਸਰ ਡਾ. ਨਵਜੋਤ ਖੋਸਾ, ਪਟਿਆਲਾ ਵਿਖੇ ਜਨਗਣਨਾ-2027 ਦੇ ਫੇਜ਼-II ਦੀਆਂ ਤਿਆਰੀਆਂ ਸਬੰਧੀ ਜਾਇਜ਼ਾ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ। ਉਨ੍ਹਾਂ ਦੇ ਨਾਲ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੀ ਨਜ਼ਰ ਆ ਰਹੇ ਹਨ।

## ਬਾਬਿਆਂ ਵੱਲੋਂ ਵਾਤਾਵਰਨ ਨੂੰ ਬਚਾਉਣ ਦੀ ਵਿੱਢੀ ਮੁਹਿੰਮ : ਪੁਰੀ


ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਕੋਟਕਪੂਰਾ, 20 ਅਗਸਤ : ਓਲਡ ਇਜ/ਗੋਲਡ ਕਲੱਬ ਕੋਟਕਪੂਰਾ ਦੇ ਪ੍ਰਧਾਨ ਰਿਟਾ ਮਾਸਟਰ ਜੋਗਿੰਦਰ ਸਿੰਘ ਨੇ ਸਾਂਝਾ ਪ੍ਰੈੱਸ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਨਵੀਂ ਦਾਣਾ ਮੰਡੀ ਕੋਟਕਪੂਰਾ ਵਿਖੇ ਪਿਛਲੇ ਲੰਬੇ ਸਮੇਂ ਤੋਂ ਸ਼ਹਿਰ ਕੋਟਕਪੂਰਾ ਦੇ ਵਾਤਾਵਰਨ ਪ੍ਰੇਮੀ ਆਪਣੀ ਸਿਹਤ ਨੂੰ ਤੰਦਰੁਸਤ ਰੱਖਣ ਵਾਸਤੇ ਸਵੇਰੇ 4.00 ਵਜੇ ਤੋਂ ਲੈ ਕੇ ਤਕਰੀਬਨ 7.00 ਵਜੇ ਤੱਕ ਖੁੱਲੇ ਵਾਤਾਵਰਨ ਦਾ ਆਨੰਦ ਮਾਣਦੇ ਹਨ, ਜਿੰਨਾਂ ਵਿੱਚ ਸ਼ਹਿਰ ਦੇ ਵੱਡੇ ਕਾਰੋਬਾਰੀ, ਠੇਕੇਦਾਰ, ਡਾਕਟਰ ਅਤੇ ਹਰੇਕ ਵਿਭਾਗ ਦੇ ਰਿਟਾਇਰ ਕਰਮਚਾਰੀ ਸ਼ਾਮਿਲ ਹੁੰਦੇ ਹਨ। ਕਲੱਬ ਦੇ ਖਜਾਨਚੀ ਪ੍ਰੀਤਮ ਸਿੰਘ ਨੇ ਦੱਸਿਆ ਕਿ ਦਾਣਾ ਮੰਡੀ ਕੋਟਕਪੂਰਾ ਦੇ ਵਾਟਰ ਬਾਕਸ ਨੂੰ ਹਰਿਆ ਭਰਿਆ ਬਣਾਉਣ ਵਾਸਤੇ ਜਿੱਥੇ ਕਈ ਧਾਰਮਿਕ ਸੰਸਥਾਵਾਂ ਵੱਲੋਂ ਸੇਵਾ ਕੀਤੀ ਜਾਂਦੀ ਹੈ, ਉਸ ਦੇ ਨਾਲ ਵਿਦੇਸ਼ਾਂ ਵਿੱਚ ਰਹਿੰਦੇ ਹੋਏ ਵਾਤਾਵਰਨ ਪ੍ਰੇਮੀਆਂ ਦਾ ਵੀ ਬਹੁਤ ਵੱਡਾ ਯੋਗਦਾਨ ਹੈ। ਕਲੱਬ ਦੇ ਸਮੂਹ ਮੈਂਬਰਾਂ ਵੱਲੋਂ ਸ਼ਹਿਰ ਵਾਸੀਆਂ ਅਤੇ ਵਿਸ਼ੇਸ਼ ਤੌਰ *ਤੇ ਨੌਜਵਾਨ ਪੀੜੀ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਜਦੋਂ ਵੀ ਤੁਹਾਡੇ ਪਰਿਵਾਰ ਵਿੱਚ ਕਿਸੇ ਬੱਚੇ ਦਾ ਜਨਮਦਿਨ ਮਨਾਉਣਾ ਹੋਵੇ ਜਾਂ ਆਪਣੇ ਵੱਡ ਵਡੇਰਿਆਂ ਦਾ ਕੋਈ ਪ੍ਰੋਗਰਾਮ ਕਰਨਾ ਹੋਵੇ ਤਾਂ ਉਹਨਾਂ ਦੀ ਯਾਦ ਵਿੱਚ ਸਾਨੂੰ ਇੱਕ ਰੁੱਖ ਜਰੂਰ ਲਾਉਣਾ ਚਾਹੀਦਾ ਹੈ, ਕਿਉਂਕਿ ਅਸੀਂ ਤਰੱਕੀ ਦੇ ਨਾਂਅ *ਤੇ ਸੜਕਾਂ ਚੌੜੀਆ ਅਤੇ ਨਹਿਰਾਂ ਪੱਕੀਆਂ ਹੋਣ ਕਰਕੇ ਬਹੁਤ ਸਾਰੇ ਦਰਖਤ ਗਵਾ ਚੁੱਕੇ ਹਾਂ ਇਸ ਕਰਕੇ ਅਸੀਂ ਵਾਤਾਵਰਨ ਨੂੰ ਸਾਫ-ਸੁਥਰਾ ਤੇ ਵਧੀਆ ਬਣਾਉਣ ਵੱਲ ਧਿਆਨ ਦਈਏ ਤਾਂ ਕਿ ਆਉਣ ਵਾਲੇ ਸਮੇਂ ਵਿੱਚ ਸਾਡੀ ਨਵੀਂ ਪੀੜੀ ਉਹ ਵੀ ਕੁਦਰਤੀ ਵਾਤਾਵਰਨ ਦਾ ਆਨੰਦ ਮਾਣ ਸਕਣ ਰਿਟਾ ਮਾਸਟਰ ਮੇਜਰ ਸਿੰਘ ਨੇ ਦੱਸਿਆ ਕਿ ਅੱਜ ਪਰਿਵਾਰਕ ਖੁਸ਼ੀ ਸਾਂਝੀ ਕਰਦਿਆਂ ਰਿਟਾ ਮੈਨੇਜਰ ਸਿਕੰਦਰਪਾਲ ਸਿੰਘ ਵੱਲੋਂ ਸਾਰੇ ਕਲੱਬ ਮੈਂਬਰਾਂ ਨੂੰ ਪਾਰਟੀ ਦਿੱਤੀ ਗਈ ਅਤੇ ਰਿਟਾ. ਪੁਲਿਸ ਅਫਸਰ ਅੰਗਰੇਜ਼ ਸਿੰਘ ਵੱਲੋਂ ਅਮਰੂਦਾਂ ਦਾ ਬੂਟਾ ਲਾਇਆ ਗਿਆ, ਇਸ ਤੋਂ ਪਹਿਲਾਂ ਵੀ ਬਹੁਤ ਸਾਰੇ ਕਲੱਬ ਮੈਂਬਰਾਂ ਵੱਲੋਂ ਫਾਲਦਾਰ ਅਤੇ ਫੁੱਲਦਾਰ ਪੌਦੇ ਲਾਏ ਜਾ ਚੁੱਕੇ ਹਨ। ਜਮਹੂਰੀ ਕਿਸਾਨ ਸਭਾ ਜ਼ਿਲ੍ਹਾ ਫਰੀਦਕੋਟ ਦੇ ਪ੍ਰਧਾਨ ਰਿਟਾ. ਵੀਰਇੰਦਰਜੀਤ ਸਿੰਘ ਪੁਰੀ ਨੇ ਕਿਹਾ ਕਿ ਵਾਤਾਵਰਨ ਨੂੰ ਬਚਾਉਣ ਵਾਸਤੇ ਜਿੱਥੇ ਸੰਸਥਾਵਾਂ ਵੱਲੋਂ ਉਪਰਾਲੇ ਕੀਤੇ ਜਾ ਰਹੇ ਹਨ, ਉਥੇ ਪੰਜਾਬ ਸਰਕਾਰ ਨੂੰ ਵੀ ਵਾਤਾਵਰਨ ਬਚਾਉਣ ਸਬੰਧੀ ਕੋਈ ਵੱਡੀ ਮੁਹਿੰਮ ਸ਼ੁਰੂ ਕਰਨੀ ਚਾਹੀਦੀ ਹੈ ਤਾਂ ਕਿ ਆਮ ਲੋਕਾਂ ਨੂੰ ਸਾਫ ਪਾਣੀ ਅਤੇ ਹਵਾ ਮਿਲ ਸਕੇ।

# ਅਜੇ ਸਿਰਫ਼ ਦਰਦਾਂ ਦੀ ਕਿਤਾਬ ਦਾ ਨਾਮ ਰੱਖਿਆ ਹੈ।

ਜੋ




ਦੇਸ਼-ਵੰਡ 1947 ਬਾਰੇ ਦੁਨੀਆਂ ਭਰ ਦੇ ਪੰਜਾਬੀ ਕਵੀਆਂ ਵੱਲੋਂ ਲਿਖੀਆਂ ਕਵਿਤਾਵਾਂ ਦਾ ਸੰਗ੍ਰਹਿ ਤਿਆਰ ਕਰਨ ਦਾ ਅਜੇ ਮਨ ਬਣਾਇਆ ਹੈ। ਇਸ ਨੂੰ ਅਗਲੇ ਸਾਲ 15 ਅਗਸਤ ਤੋਂ ਪਹਿਲਾਂ ਸੰਪੂਰਨ ਕੰਨ ਦੀ ਯੋਜਨਾ ਹੈ। ਇਸ ਵਿੱਚ ਤੁਹਾਡੇ ਸਭ ਦੇ ਸਹਿਯੋਗ ਦੀ ਭਰਪੂਰ ਲੋੜ ਹੈ।

ਭਾਵੇਂ ਪਹਿਲਾਂ ਵੀ ਭਾ ਜੀ ਅਮਰਜੀਤ ਚੰਦਨ ਤੇ ਕੁਝ ਹੋਰ ਦੋਸਤਾਂ ਨੇ ਚੰਗੇ ਯਤਨ ਕਰਕੇ ਇਸ ਦਰਦ ਦੀ ਨਿਸ਼ਾਨਦੇਹੀ ਕੀਤੀ ਹੈ ਪਰ ਅਜੇ ਵੀ ਬਹੁਤ ਕੁਝ ਖਿੱਲਰਿਆ ਪੁੱਲਰਿਆ ਏਧਰ ਓਧਰ ਪਿਆ ਹੈ।

ਤੁਹਾਡੇ ਧਿਆਨ ਵਿੱਚ ਕਿਸੇ ਵੀ ਲੇਖਕ ਦੀ ਕੋਈ ਰਚਨਾ ਆਵੇ ਤਾਂ ਕਿਰਪਾ ਕਰਕੇ ਭੇਜਣ ਦੀ ਖੇਚਲ ਕਰਨਾ।

ਈ ਮੇਲ ਪਤਾ: gurbhajansinghgill@gmail. Com
ਫੋਨ ਸੰਪਰਕ: 98726 31199
ਇਸ ਕੰਮ ਲਈ ਵਰਤ ਸਕਦੇ ਹੋ।

ਇਸ ਕਿਤਾਬ ਦਾ ਨਾਮ "ਪਨਾਹੀਆਂ ਦੀ ਪੱਤੀ" ਰੱਖਿਆ ਹੈ। ਇਹ ਅਜੇ ਸਿਰਫ਼ ਟਾਈਟਲ ਹੀ ਹੈ। ਤੁਸੀਂ ਆਪਣੀ ਜਾਂ ਕਿਸੇ ਹੋਰ ਸ਼ਾਇਰ ਦੀ ਕਵਿਤਾ ਵੀ ਭੇਜ ਸਕਦੇ ਹੋ।

ਛਪੀ ਅਣਛਪੀ ਕਵਿਤਾ ਪ੍ਰਵਾਨ ਹੈ। ਸਿਰਫ਼ ਨਸਲੀ ਨਫ਼ਰਤ, ਇੱਕ ਪਾਸੇ ਰਚਨਾ ਭੇਜਣ ਦੀ ਲੋੜ ਨਹੀਂ। ਵਿਅਕਤੀ ਵਿਰੋਧ ਵਾਲੀ ਰਚਨਾ ਵੀ ਨਾ ਭੇਜੀ ਜਾਵੇ।

ਇਸ ਸੰਗ੍ਰਹਿ ਦਾ ਮਨੋਰਥ ਬੇਦੋਸ਼ੀਆਂ ਮਾਰੀਆਂ ਗਈਆਂ ਲੱਖ ਜਾਨਾਂ ਨੂੰ ਸ਼ਰਧਾਂਜਲੀ ਦੇਣਾ ਹੈ।

ਇਸ ਬਹਾਨੇ ਆਪਣੀ ਇਹ ਕਵਿਤਾ ਤੁਹਾਡੇ ਨਾਲ ਸਾਂਝੀ ਕਰ ਰਿਹਾਂ।

## ਸੰਤਾਲੀ ਵੇਲੇ

ਸੰਤਾਲੀ ਵੇਲੇ ਉੱਜੜਨ ਦੀ ਗੱਲ,
ਮਾਂ ਦੇ ਮਨ ਤੋਂ ਲਹਿੰਦੀ ਨਹੀਂ।
ਮੈਂ ਲੱਖ ਵਾਰੀ ਸਮਝਾਇਆ ਏ,
ਉਹ ਇਸ ਨੂੰ
ਆਜ਼ਾਦੀ ਕਹਿੰਦੀ ਨਹੀਂ।

ਇਹ ਧਰਤੀ ਬੇਗਾਨੀ ਮੇਰੇ ਲਈ,
ਤੁਸੀਂ ਪੜ੍ਹੇ ਲਿਖੇ ਜੋ ਮਰਜ਼ੀ ਕਹੋ।
ਮੇਰੇ ਹਰ ਸਾਹ ਅੰਦਰ ਲਾਟਾਂ ਨੇ,
ਤੁਸੀਂ ਬਲਦੀ ਅੱਗ ਦਾ ਸੇਕ ਹੋ।
ਮੈਂ ਸਾਫ਼ ਸਾਫ਼ ਸਮਝਾ ਦੇਵਾਂ,
ਜੇ ਕੁਝ ਪਲ ਮੇਰੇ ਕੋਲ ਬਹੋ।
ਉਹਦੇ ਦਿਲ ਵਿਚ ਬੇਵਿਸ਼ਵਾਸੀ ਜੋ,
ਉਹਨੂੰ ਆਖਣ ਤੋਂ ਕਦੇ ਰਹਿੰਦੀ ਨਹੀਂ।

ਉਹ ਹਰ ਪਲ ਚੇਤੇ ਕਰਦੀ ਏ,
ਉਹ ਵੱਸਦੇ ਰਸਦੇ ਘਰ ਛੱਡੇ।
ਜਿੰਨ੍ਹਾਂ 'ਚੋਂ ਗੱਡਾ ਲੰਘਦਾ ਸੀ,
ਉਹ ਖੁੱਲ੍ਹ ਮ ਖੁੱਲ੍ਹੇ ਦਰ ਛੱਡੇ।
ਉਹ ਘੜੀ ਮੁੜੀ ਇਹ ਪੁੱਛਦੀ ਏ,
ਕਿਸ ਚੰਦਰੇ ਸਾਡੇ ਪਰ ਵੱਢੇ।
ਉਹਦੇ ਦਿਲ ਵਿਚ
ਬਣੀ ਲਕੀਰ ਜਹੀ,
ਲੱਖ ਚਾਹਿਆਂ
ਫਿੱਕੀ ਪੈਂਦੀ ਨਹੀਂ।

ਜਦੋਂ ਬੇਸ਼ਰਮੀ ਦੀ ਪਾਣ ਚੜ੍ਹੀ ਸੀ,
ਧਰਮਾਂ ਦੇ ਹਥਿਆਰਾਂ ਨੂੰ।
ਤੂੰ ਤੱਕਦਾ ਝੱਗੋ ਝੱਗ ਹੋਏ,
ਪਾਗਲਾਂ ਬੰਦਿਆਂ ਦੀਆਂ
ਵਾਹਰਾਂ ਨੂੰ।
ਜੇ ਤੱਕਦਾ ਤੂੰ ਬਘਿਆੜ ਬਣੇ,
ਕੁੱਤਿਆਂ ਹੱਥ ਕੈਦਣ ਨਾਰਾਂ ਨੂੰ।
ਜਿੰਨ੍ਹਾਂ ਦੇ ਹੱਥਾਂ ਅੱਜ ਤੱਕ ਵੀ,
ਸ਼ਗਨਾਂ ਦੀ ਵੇਖੀ ਮਹਿੰਦੀ ਨਹੀਂ।

ਓਧਰ ਵੀ ਧਨਵੰਤੇ ਸੀ,
ਉਹ ਏਧਰ ਵੀ ਰਜਵਾੜੇ ਨੇ।
ਡਾਢੇ ਦੀ ਸ਼ਾਨ ਸਲਾਮਤ ਹੈ,
ਲਿੱਸਿਆਂ ਨੂੰ ਪੈਂਦੇ ਧਾੜੇ ਨੇ।
ਮੁਜਰਿਮ ਤੇ ਰਾਜ ਘਰਾਣਿਆਂ ਦੇ,
ਰਿਸ਼ਤੇ ਪਹਿਲਾਂ ਤੋਂ ਗਾੜ੍ਹੇ ਨੇ।
ਨਿੱਤ ਕੂੜ ਦੀ ਕੰਧ ਤੇ ਵਾਰ ਚੜ੍ਹੇ,
ਕਿਉਂ ਸੱਚ ਦੇ ਕੋਲੋਂ ਢਹਿੰਦੀ ਨਹੀਂ।

ਉਹ ਅੱਜ ਵੀ ਅੱਖਾਂ ਭਰ ਲੈਂਦੀ,
ਕਰ ਯਾਦ ਇਕਵਾਸੀ ਰੋਟੀ ਨੂੰ।
ਜੀਅ ਭਰਕੇ ਗੁੱਸਾ ਕੱਢਦੀ ਹੈ,
ਤੱਕ ਲਾਠੀ ਅਤੇ ਲੰਗੋਟੀ ਨੂੰ।
ਜੋ ਦਿਨ ਦੀਵੀਂ ਨਾ ਜਾਣ ਸਕੀ,
ਬਿੱਲੇ ਦੀ ਨੀਅਤ ਖੋਟੀ ਨੂੰ।
ਉਹ ਅਨਪੜ੍ਹ ਹੋ ਕੇ ਵੇਖ ਲਵੋ,
ਸੱਚ ਕਹਿਣੋਂ ਕਦੇ ਤਰਹਿੰਦੀ ਨਹੀਂ।

ਉਹ ਅਕਸਰ ਇਹ ਗੱਲ ਪੁੱਛਦੀ ਹੈ,
ਕਿਉਂ ਟੋਡੀ ਬੱਚੇ ਅੱਗੇ ਨੇ।
ਜਿੰਨ੍ਹਾਂ ਜ਼ਿੰਦਗੀ ਵਾਰੀ ਦੇਸ਼ ਲਈ,
ਕਿਉਂ ਨੁੱਕਰਾਂ ਦੇ ਵਿਚ ਲੱਗੇ ਨੇ।
ਕਿਉਂ ਲੋਕਾਂ ਦੇ ਮਨ ਵਿਚ ਬੈਠਾ,
ਉਹ ਮੁੜ ਠੱਗੇ ਕਿ ਠੱਗੇ ਨੇ।
ਕਿਉਂ ਰਾਜ ਭਵਨ ਦੇ ਮੱਥੇ ਤੋਂ,
ਤੋਪਾਂ ਦੀ ਦਹਿਸ਼ਤ
ਲਹਿੰਦੀ ਨਹੀਂ।

ਮੇਰਾ ਬਾਪੂ ਵੀ ਕੁਝ ਏਦਾਂ ਦੇ,
ਕਈ ਹੌਂਕੇ ਲੈ ਕੇ ਦੂਰ ਗਿਆ।
ਕਈ ਦਰਦ-ਕਹਾਣੀਆਂ
ਹਿੱਕ ਵਿਚ ਲੈ,
ਇੱਕ ਸਦੀ ਪੁਰਾਣਾ ਪੂਰ ਗਿਆ।
ਉਹ ਤੁਰ ਗਏ ਤਾਂ ਲਿਸ਼ਕੋਰ ਗਈ,
ਤੇ ਜ਼ਿੰਦਗੀ ਵਿਚੋਂ ਨੂਰ ਗਿਆ।
ਨੇੜ੍ਹੇ ਦੀ ਮਾਚਸ ਸਿੱਲ੍ਹੀ ਤੇ,
ਕਿਉਂ ਸੱਚ ਦੀ
ਤੀਲੀ ਖਹਿੰਦੀ ਨਹੀਂ?

ਉਹਦੇ ਦਿਲ ਨੂੰ ਡੋਬੂ ਪੈਂਦੇ ਨੇ,
ਮੇਰੀ ਵੇਖ ਤਬੀਅਤ ਢਿੱਲੀ ਨੂੰ।
ਉਹਨੂੰ ਬੇਹੱਦ ਔਖਾ ਲੱਗਦਾ ਹੈ,
ਮੇਰਾ ਆਉਣਾ ਜਾਣਾ ਦਿੱਲੀ ਨੂੰ।
ਦੁੱਧ ਜੂਠਾ ਹੀ ਨਾ ਕਰ ਜਾਵੇ,
ਉਹ ਰਹੇ ਘੂਰਦੀ ਬਿੱਲੀ ਨੂੰ।
ਮੈਂ ਸੀਸ ਝੁਕਾਵਾਂ ਹੋਰ ਕਿਤੇ,
ਮਾਂ ਇਹ ਗੱਲ
ਹਰਗਿਜ਼ ਸਹਿੰਦੀ ਨਹੀਂ।

ਤੂੰ ਚੋਰ ਚੋਰ ਨਾ ਆਖਿਆ ਕਰ,
ਮੈਂ ਹੋੜ ਰਿਹਾ, ਮੈਂ ਹਟਕ ਰਿਹਾ।
ਉਹ ਅੱਗੋਂ ਮੈਨੂੰ ਕਹਿੰਦੀ ਏ,
ਤੂੰ ਏਸੇ ਕਰਕੇ ਭਟਕ ਰਿਹਾ।
ਤੂੰ ਦੋਚਿੱਤੀ ਦਾ ਡੰਗਿਆ ਏਂ,
ਵਿਚਕਾਹੇ ਤਾਂ ਹੀ ਲਟਕ ਰਿਹਾ।
ਜੋ ਅੱਜ ਦੇ ਦਿਨ ਵੀ ਝੂਠ ਕਹੇ,
ਉਹ ਮਾਂ ਫਿਰ
ਮਾਂ ਵੀ ਰਹਿੰਦੀ ਨਹੀਂ।

ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ